International Journal of Applied Research 2016; 2(7): 677-680




ISSN Print: 2394-7500
ISSN Online: 2394-5869
Impact Factor: 5.2
IJAR 2016; 2(7): 677-680
www.allresearchjournal.com
Received: 09-05-2016
Accepted: 10-06-2016

ਡਾ. ਰਛਪਾਲ ਸਿੰਘ ਉੱਪਲ
Guru Nanak Khalsa College,
Abohar, Punjab, India.

Correspondence
ਡਾ. ਰਛਪਾਲ ਸਿੰਘ ਉੱਪਲ
Guru Nanak Khalsa College,
Abohar, Punjab, India.

# ਰੰਗਲੇ ਸਭਿਆਚਾਰ ਦੀ ਨੁਹਾਰ ਸਿਰਜਦਾ ਕਾਵਿ ਰੂਪ : ਸਿੱਠਣੀਆਂ

**ਡਾ. ਰਛਪਾਲ ਸਿੰਘ ਉੱਪਲ**

ਭਾਵੇਂ ਅੱਜ ਦੇ ਵਿਗਿਆਨਕ ਯੁੱਗ ਵਿੱਚ ਤੜਕ-ਭੜਕ ਵਾਲੇ ਸੰਗੀਤ ਅਤੇ ਪੱਛਮੀ ਪਹਿਰਾਵੇ ਨੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਉਂਗਲੇ ਲਾ ਲਿਆ ਹੈ ਤੇ ਸਾਡੀ ਇਹ ਨੌਜਵਾਨ ਪੀੜ੍ਹੀ ਵੀ ਬੇਮੁਹਾਰੀ ਹੋ ਕੇ ਇਸ ਦੀ ਪਿਛਲੱਗ ਬਣ ਬੈਠੀ ਹੈ। ਪਰ ਇਸ ਗੱਲ ਤੋਂ ਕਦਾਚਿਤ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਡੇ ਪੰਜਾਬੀ ਸਭਿਆਚਾਰ ਦੀ ਇਕ ਅਮੀਰ ਪਰੰਪਰਾ ਹੈ ਜਿਸਦੀ ਜ਼ਿੰਦ-ਜਾਨ ਹੈ, ਸਾਡਾ ਲੋਕ-ਸਾਹਿਤ। ਲੋਕ-ਸਾਹਿਤ ਅਜਿਹਾ ਖਜ਼ਾਨਾ ਹੈ ਜਿਸਨੂੰ ਢਾਹ ਲਾਉਣੀ ਬਹੁਤ ਹੀ ਮੁਸ਼ਕਿਲ ਹੈ, ਕਿਉਂਕਿ ਇਸਨੂੰ ਸਾਂਭਣ ਵਾਲੀਆਂ ਪੇਂਡੂ ਸੁਆਣੀਆਂ ਦੇ ਮਨਾਂ ਉਪਰ ਇਹ ਇਸ ਤਰ੍ਹਾਂ ਉਕਰਿਆ ਪਿਆ ਹੈ ਕਿ ਪੱਛਮੀਕਰਨ ਦੀ ਵਗ਼ਦੀ ਹਨ੍ਹੇਰੀ ਉਨ੍ਹਾਂ ਦੇ ਚੇਤਿਆਂ ਵਿਚੋਂ ਇਸ ਨੂੰ ਕਦੇ ਵੀ ਨਹੀਂ ਪੂੰਝ ਸਕਦੀ। ਲੋਕ-ਸਾਹਿਤ ਰੂਪੀ ਕਿਆਰੀ ਵਿਚਲੀਆਂ ਭਿੰਨ-ਭਿੰਨ ਵੰਨਗੀਆਂ ਜਿਵੇਂ ਸੁਹਾਗ, ਘੋੜੀਆਂ, ਸਿੱਠਣੀਆਂ, ਢੋਲਾ, ਟੱਪੇ, ਮਾਹੀਏ ਆਦਿ ਵਿਚਲੀ ਮਹਿਕ-ਲੋਕ ਮਨ ਨੂੰ ਹਮੇਸ਼ਾਂ ਹੀ ਆਪਣੇ ਵੱਲ ਅਕਰਸ਼ਿਤ ਕਰਦੀ ਰਹਿੰਦੀ ਹੈ। ਉਪਰੋਕਤ ਵੰਨਗੀਆਂ ਵਿਚ ਇਕ ਅਜਿਹੀ ਵੰਨਗੀ ਵੀ ਹੈ ਜੋ ਵਿਅੰਗ ਦੇ ਹਥਿਆਰ ਰਾਹੀਂ ਆਪਣਾ ਨਿਸ਼ਾਨਾ ਵੀ ਸਾਧਦੀ ਹੈ ਅਤੇ ਲੋਕ-ਮਨ/ਸਰੋਤਿਆਂ ਦਾ ਮਨ ਪ੍ਰਚਾਵਾ ਵੀ ਕਰਦੀ ਹੈ, ਉਹ ਹੈ 'ਸਿੱਠਣੀਆਂ'।

ਪੁਰਾਣੇ ਸਮੇਂ ਵਿਚ ਜਦ ਮਨ ਪ੍ਰਚਾਵੇ ਦੇ ਸਾਧਨ ਬਹੁਤ ਹੀ ਸੀਮਤ ਸਨ ਤਾਂ ਵਿਆਹ ਸ਼ਾਦੀ ਜਾਂ ਸ਼ਗਨਾਂ ਦੇ ਸਾਰਥ ਸਮੇਂ ਸਿੱਠਣੀਆਂ ਮਨੋਰੰਜਨ ਦੇ ਪੱਖ ਤੋਂ ਅਹਿਮ ਰੋਲ ਅਦਾ ਕਰਦੀਆਂ ਸਨ। ਸੋ ਸਿੱਠਣੀਆਂ ਵਿਆਹ ਨਾਲ ਸਬੰਧਤ ਪੰਜਾਬੀ ਲੋਕਗੀਤਾਂ ਦਾ ਅਜਿਹਾ ਰੂਪ ਹੈ ਜਿਸ ਦਾ ਮੰਤਵ ਵਿਅੰਗ, ਕਟਾਖਸ਼ ਜਾਂ ਮਖ਼ੌਲੀਆ ਲਹਿਜੇ ਵਿਚ, ਤਨਜ਼ ਰਾਹੀਂ ਸਰੋਤਿਆਂ ਦਾ ਦਿਲ ਪ੍ਰਚਾਵਾ ਕਰਨਾ ਹੈ।

**ਭਾਈ ਕਾਹਨ ਸਿੰਘ ਨਾਭਾ ਅਨੁਸਾਰ** : ਸਿੱਠਣੀ ਦਾ ਨਿਕਾਸ ''ਸਿੱਠ'' ਤੋਂ ਹੋਇਆ ਹੈ ਜਿਸਦੇ ਅਰਥ ਹਨ ਅਯੋਗ ਬਚਨ ਜਾਂ ਅਸ਼ਿਸ਼ਠਬਾਣੀ, ਗਾਲ੍ਹ ਅਤੇ ਵਿਅੰਗ ਨਾਲ ਕਹੀ ਹੋਈ ਬਾਣੀ।'' [1]
ਲੋਕ ਸਾਹਿਤ ਦੇ ਨਜ਼ਰੀਏ ਤੋਂ ਸਿੱਠਣੀਆਂ ਨੂੰ ਇਕ ਖੁੱਲ੍ਹੇ-ਡੁੱਲ੍ਹੇ ਜਾਂ ਖੁੱਲ੍ਹੇ ਖਲਾਸੇ ਗੀਤ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਜਿਸ ਵਿਚ ਬੇਝਿਜਕ ਹੋਕੇ ਬੜੇ ਲੁਕਵੇਂ ਢੰਗ ਨਾਲ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਮਿੱਠੀਆਂ ਗਾਲ੍ਹਾਂ ਵੀ ਕਹਿ ਸਕਦੇ ਹਾਂ। ਇਸ ਤਰ੍ਹਾਂ ਸਿੱਠਣੀਆਂ ਵਿੱਚ ਜਿਸ ਵੀ ਧਿਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਸ ਦੇ ਸੁਭਾਅ, ਸਖਸ਼ੀਅਤ, ਅਚਾਰ-ਵਿਹਾਰ, ਪਹਿਰਾਵਾ, ਸਰੀਰਕ ਬਣਤਰ ਆਦਿ ਵਿਚਲੇ ਨੁਕਸ ਲੱਭ ਕੇ ਉਸਦਾ ਮਖ਼ੌਲ ਉਡਾਇਆ ਜਾਂਦਾ ਹੈ। ਇਸ ਮਕਸਦ ਲਈ ਆਪਣੇ ਆਲੇ-ਦੁਆਲੇ, ਸਮਾਜਿਕ ਚੁਗ਼ਿਰਦੇ ਵਿਚੋਂ ਹੀ ਉਪਮਾਵਾਂ, ਅਲੰਕਾਰ, ਪ੍ਰਤੀਕ, ਤਸ਼ਬੀਹਾਂ ਆਦਿ ਚੁਣਕੇ ਮਿੱਠੀਆਂ ਗਾਲ੍ਹਾਂ ਦੇ ਰੂਪ ਵਿਚ ਨਿਰਸੰਕੋਚ ਛੇੜ-ਛਾੜ ਰਾਹੀਂ, ਹਾਸਾ-ਮਖ਼ੌਲ ਕਰਕੇ ਸਰੋਤਿਆਂ ਦਾ ਮਨ ਪਰਚਾਵਾ ਕੀਤਾ ਜਾਂਦਾ ਹੈ।

**ਡਾ. ਨਾਹਰ ਸਿੰਘ**, 'ਲੋਕ-ਕਾਵਿ ਦੀ ਸਿਰਜਨ ਪ੍ਰਕਿਰਿਆ' ਵਿਚ ਸਿੱਠਣੀਆਂ ਦੀ ਪ੍ਰੀਭਾਸ਼ਾ ਕਰਦਿਆਂ ਲਿਖਦੇ ਹਨ ਕਿ "ਸਿੱਠਣੀ ਵਿਆਹ ਵੇਲੇ ਧੀ ਵਾਲੀ ਧਿਰ ਵੱਲੋਂ ਪੁੱਤ ਵਾਲੀ ਧਿਰ ਨੂੰ ਸਿੱਧਾ ਸਬੰਧਤ ਕਾਟਵੇਂ ਵਿਅੰਗ ਅਤੇ ਮਸ਼ਕਰੀ ਭਰਿਆ ਪ੍ਰਕਾਰਜ ਗੀਤ ਹੈ, ਜਿਸ ਵਿਚ ਅਸਧਾਰਨ ਬਿੰਬ ਸਿਰਜ ਕੇ ਨੈਤਿਕ ਜੀਵਨ ਮੁੱਲਾਂ ਨੂੰ ਅਨੈਤਿਕ ਬਣਾ ਕੇ ਪੁੱਤ ਵਾਲੀ ਧਿਰ ਨਾਲ ਸਬੰਧਤ ਕਰਕੇ ਚੋਟ ਮਾਰੀ ਜਾਂਦੀ ਹੈ ਤੇ ਦੂਜੀ ਧਿਰ ਨੂੰ ਨੈਤਿਕ ਪੱਧਰ ਤੇ ਠਿੱਠ ਕਰਕੇ ਹੱਸਿਆ ਜਾਂਦਾ ਹੈ।" [2]

ਸਿੱਠਣੀਆਂ ਲੋਕ-ਕਾਵਿ ਰੂਪ ਵਿਆਹ ਦੀਆਂ ਰਸਮਾਂ ਨਾਲ ਸਬੰਧਤ ਹੈ, ਇਨ੍ਹਾਂ ਨੂੰ ਔਰਤਾਂ ਦੇ ਲੋਕ-ਗੀਤ ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਔਰਤਾਂ ਵੱਲੋਂ ਬਰਾਤੀਆਂ, ਲਾੜਾ ਤੇ ਲਾੜੇ ਦੇ ਪਰਿਵਾਰ ਨੂੰ ਕੱਢੀਆਂ ਜਾਣ ਵਾਲੀਆਂ ਮਿੱਠੀਆਂ ਗਾਲ੍ਹਾਂ ਕਹਿਣਾ ਵੀ ਕੋਈ ਅਤਿ ਕਥਨੀ ਨਹੀਂ ਹੈ। ਇਹ ਇਕ ਪ੍ਰਕਾਰ ਦੀ ਔਰਤਾਂ ਅਤੇ ਬਰਾਤੀਆਂ ਵਿਚਾਲੇ ਨੋਕ-ਝੋਕ ਹੈ ਜੋ ਆਮ ਤੌਰ 'ਤੇ ਜੰਞ ਦੇ ਢੁਕਾਅ ਸਮੇਂ, ਜੰਞ ਦੇ ਖਾਣ ਵੇਲੇ, ਜੰਞ ਦੇ ਬੰਨਣ ਵੇਲੇ, ਲਾਵਾਂ ਲੈਣ ਪਿੱਛੋਂ ਪਲੰਘ ਤੇ ਬੈਠਣ ਸਮੇਂ ਤੇ ਸਲਾਮੀ ਦੇ ਮੌਕੇ 'ਤੇ ਦਿੱਤੀਆਂ ਜਾਂਦੀਆਂ ਹਨ।

"ਡਾ ਜਸਵਿੰਦਰ ਸਿੰਘ ਅਨੁਸਾਰ ਅਸਲ ਵਿਚ ਸਿੱਠਣੀਆਂ ਹਮੇਸ਼ਾਂ ਹੀ ਨਿਵਦੀ ਧਿਰ ਭਾਵ ਕੁੜੀ ਵਾਲਿਆਂ ਵੱਲੋਂ ਆਪਣਾ ਗੁਭ-ਗੁਭਾਹਟ ਕੱਢਣ ਦਾ ਵਸੀਲਾ ਵੀ ਬਣਦੀਆਂ ਹਨ। ਇਨ੍ਹਾਂ ਵਿਚਲਾ ਹਾਸ-ਰਸ, ਕਟਾਖਸ਼ ਵਿਅੰਗ ਆਦਿ ਮਾਹੌਲ ਨੂੰ ਸਾਵਾਂ ਅਤੇ ਸੁਖਾਵਾਂ ਵੀ ਬਣਾਉਦਾ ਹੈ।" [3]

ਸਿੱਠਣੀ ਦੀ ਪ੍ਰੀਭਾਸ਼ਾ ਕਰਦੇ ਹੋਏ ਜੀਤ ਸਿੰਘ ਜ਼ੋਸ਼ੀ ਲਿਖਦੇ ਹਨ:-

" ਗਾਲੀ ਗਲੋਚ ਤੇ ਮਖ਼ੌਲ ਦੇ ਗੀਤਾਂ ਨੂੰ ਸਿੱਠਣੀਆਂ ਆਖਦੇ ਹਨ। ਇਥੇ 'ਸਿੱਠ' ਦਾ ਅਰਥ ਹੈ ਮਸ਼ਕਰੀ ਜਾਂ ਮਖੌਲ। ਸੋ ਜਿਹੜਾ ਕਾਵਿ ਰੂਪ ਦੂਜੀ ਧਿਰ ਨੂੰ ਠਿੱਠ ਕਰਨ ਲਈ ਪ੍ਰਯੋਗ ਹੁੰਦਾ ਹੈ। ਉਸਨੂੰ ਸਿੱਠਣੀ ਕਿਹਾ ਜਾਂਦਾ ਹੈ। ਇਸ ਵਿਚ ਤਾਹਨੇ, ਮਿਹਣੇ ਤੇ ਭੰਡੀ ਆਦਿ ਮੁੱਖ ਰੂਪ ਵਿਚ ਪ੍ਰਯੋਗ ਹੁੰਦੇ ਹਨ।" [4]

ਬੇਸ਼ੱਕ ਸਿੱਠਣੀਆਂ ਨੂੰ ਬਰਾਤੀਆਂ ਅਤੇ ਔਰਤਾਂ ਦੀ ਨੋਕ-ਝੋਕ ਨਾਲ ਜੋੜਕੇ ਹੀ ਦੇਖਿਆ ਜਾਂਦਾ ਹੈ ਪ੍ਰੰਤੂ ਇਨ੍ਹਾਂ ਨੂੰ ਕੇਵਲ ਕੁੜੀ ਦੇ ਵਿਆਹ ਦੇ ਮੌਕੇ ਤੱਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਿੱਠਣੀਆਂ ਦਾ ਪ੍ਰਕਾਰਜ ਤਾਂ ਵਿਆਹ ਤੋਂ ਪਹਿਲਾਂ ਵੀ ਨਾਨਕਿਆਂ ਜਾ ਨਾਨਕਾ ਮੇਲ ਦਾ ਦਾਦਕਿਆਂ ਵਿਚ ਭਾਵ ਕੁੜੀ ਦੇ ਦਾਦਕੇ ਪਿੰਡ ਪ੍ਰਵੇਸ਼ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਦਾਦਕੀਆਂ ਵੱਲੋਂ ਨਾਨਕੀਆਂ ਨੂੰ ਘਰ ਦੇ ਬੂਹੇ ਦੇ ਬਾਹਰ ਰੋਕ ਕੇ ਹੀ ਸਿੱਠਣੀਆਂ ਦੀ ਬਰਸਾਤ ਹੋਣ ਲੱਗ ਪੈਂਦੀ ਹੈ ਜਿਸ ਦੀ ਪ੍ਰਤੀਕਿਰਿਆ ਵਜੋਂ ਨਾਨਕੀਆਂ ਦਾਦਕੀਆਂ ਨੂੰ ਮੁਖਾਤਬ ਹੁੰਦੀਆਂ ਹਨ। ਇਸ ਤਰ੍ਹਾਂ ਸਿੱਠਣੀਆਂ ਦੋਨਾਂ ਪਰਿਵਾਰਾਂ ਵਿਚ ਦਵੰਦਾਤਮਕ ਰਿਸ਼ਤਾ ਸਿਰਜਦੀਆਂ ਹਨ ਜੋ ਇਕ ਨਿਸ਼ਚਿਤ ਸਮੇਂ ਤੱਕ ਜਾਰੀ ਰਹਿੰਦਾ ਹੈ।

ਵਿਸ਼ਾ ਪੱਧਰ ਤੇ ਦੇਖਿਆ ਜਾਵੇ ਤਾਂ ਸਿੱਠਣੀਆਂ ਭਿੰਨ-ਭਿੰਨ ਮੌਕਿਆਂ ਉਪਰ ਭਿੰਨ-ਭਿੰਨ ਵਿਸ਼ਿਆਂ ਨਾਲ ਸਬੰਧਿਤ ਹੁੰਦੀਆਂ ਹਨ। ਇਨ੍ਹਾਂ ਨੂੰ ਸੰਬੋਧਤ ਸਖਸ਼ੀਅਤ ਦੀ ਡੀਲ-ਡੌਲ, ਸਰੀਰਕ ਬਣਤਰ, ਪਹਿਰਾਵਾ, ਖਾਣ-ਪੀਣ ਅਤੇ ਮੌਕੇ ਅਨੁਸਾਰ ਵੀ ਸਿਰਜ ਲਿਆ ਜਾਂਦਾ ਹੈ। ਜਦੋਂ ਅਸੀ ਇਨ੍ਹਾਂ ਨੂੰ ਬਰਾਤੀਆਂ ਅਤੇ ਔਰਤਾਂ ਦੀ ਨੋਕ-ਝੋਕ ਨਾਲ ਜੋੜ ਕੇ ਦੇਖਦੇ ਹਾਂ ਤਾਂ ਇਨ੍ਹਾਂ ਵਿਚ ਵੀ ਮੁੰਡੇ ਦੀ ਡੀਲ-ਡੌਲ, ਉਸਦੇ ਪਹਿਰਾਵੇ, ਆਦਤਾਂ, ਕੰਜੂਸ-ਪੁਣਾ, ਉਸਦੀ ਮਾਂ, ਭੈਣ, ਭਾਈ, ਬਾਪ ਤੇ ਬਹੁਤ ਨੇੜੇ ਦਿਆਂ ਦੀ ਵੀ ਪੁਣਛਾਣ ਕੀਤੀ ਜਾਂਦੀ ਹੈ। ਇਥੋਂ ਤੱਕ ਕੇ ਵਿਚੋਲੇ ਨੂੰ ਵੀ ਵਿਚ ਘੜੀਸ ਲਿਆ ਜਾਂਦਾ ਹੈ। ਸਿੱਠਣੀਆਂ ਵਿਚ ਸਭ ਤੋਂ ਪਹਿਲਾ ਪਾਤਰ ਲਾੜਾ ਹੀ ਬਣਦਾ ਹੈ, ਜੋ ਉਸ ਦਿਨ ਦਾ ਨਾਇਕ ਹੁੰਦਾ ਹੈ। ਸੋ ਸ਼ੁਰੂਆਤ ਉਸ ਤੋਂ ਹੀ ਕੀਤੀ ਜਾਂਦੀ ਹੈ। ਔਰਤਾਂ ਵੱਲੋਂ ਉਸਦੀ ਸਰੀਰਕ ਬਣਤਰ, ਸ਼ਕਲ ਸੂਰਤ, ਪਹਿਰਾਵੇ ਆਦਿ ਨੂੰ ਵਿਅੰਗ ਦੇ ਹਥਿਆਰ ਰਾਹੀਂ ਇਸ ਤਰ੍ਹਾਂ ਠੋਕਰਿਆ ਜਾਂਦਾ:-

ਕੀ ਗੱਲ ਪੁੱਛਾਂ ਲਾੜਿਆ ਕੀ ਗੱਲ ਪੁੱਛਾਂ ਵੇ
ਨਾਂ ਤੇਰੇ ਦਾੜੀ ਭੌਂਦੂਆ ਨਾਂ ਤੇਰੇ ਮੁੱਛਾਂ ਵੇ
ਬੋਕ ਦੀ ਲਾਲੈ ਦਾੜ੍ਹੀ ਚੂਹੇ ਦੀਆਂ ਮੁੱਛਾਂ ਵੇ
..............................................
..............................................
ਮੁੱਛਾਂ ਤਾਂ ਤੇਰੀਆਂ ਵੇ ਮਨਸਿਆ ਜਿਉਂ ਬਿੱਲੀ ਦੀ ਪੂਛ

ਕੈਂਚੀ ਲੈ ਕੇ ਮੁੰਨ ਦਿਆਂ ਵੇ ਤੈਨੂੰ ਦੂਣਾ ਚੜਜੂ ਮੈਂ ਸੱਚ ਆਖਦੀ ਵੇ ਰੂਪ

ਸਿੱਠਣੀਆਂ ਦੁਆਰਾ ਕਿਹਾ ਗਿਆ ਸਾਰਾ ਕੁਝ ਫਰਜ਼ੀ ਅਤੇ ਕਲਪਿਤ ਹੁੰਦਾ ਹੈ, ਇਸ ਲਈ ਸਿੱਠਣੀਆਂ ਰਾਹੀਂ ਕੀਤੇ ਗਏ ਵਿਅੰਗ ਦੀ ਕੋਈ ਸੀਮਾ ਨਹੀਂ ਹੁੰਦੀ। ਇਨ੍ਹਾਂ ਸਿੱਠਣੀਆਂ ਦਾ ਕਮਾਲ ਇਹ ਹੈ ਕਿ ਬਿਲਕੁਲ ਨਵੇਂ ਸਹੇੜੇ ਕੁੜਮ, ਕੁੜਮਣੀ, ਜਵਾਈ ਅਤੇ ਹੋਰ ਨੇੜਲੇ ਸਨੇਹੀ ਜੋ ਸਤਿਕਾਰ ਦੇ ਪਾਤਰ ਹੁੰਦੇ ਹਨ ਵੀ ਇਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ ਕਿਉਂਕਿ ਅਜਿਹਾ ਕਰਨ ਨਾਲ ਇਕ ਤਾਂ ਰਿਸ਼ਤਿਆਂ ਵਿਚਲਾ ਸੰਕੋਚ ਦੂਰ ਹੋ ਜਾਂਦਾ ਹੈ ਤੇ ਦੂਜਾ ਨੇੜਤਾ ਵੱਧਦੀ ਹੈ। ਇਸ ਤਰ੍ਹਾਂ ਸਿੱਠਣੀਆਂ ਸੰਕੋਚ ਅਤੇ ਝਿਜਕ ਨੂੰ ਘਟਾਉਣ ਦਾ ਸਾਧਨ ਵੀ ਬਣਦੀਆਂ ਹਨ।

ਸਿੱਠਣੀਆਂ ਵਿਚ ਜਿਵੇਂ ਅਸੀਂ ਜਾਣਦੇ ਹਾਂ ਕਿ ਮੁੰਡੇ ਦੀ ਮਾਂ, ਭੈਣ, ਭਰਾ ਆਦਿ ਸਭ ਨੂੰ ਘਸੀਟਿਆ ਜਾਂਦਾ ਹੈ। ਇਨ੍ਹਾਂ ਵਿਚ ਮੁੰਡੇ ਦੀ ਮਾਂ ਨੂੰ ਧੌਲਾ ਝ੍ਹਾਟਾ ਲੈ ਕੇ ਯਾਰ ਨਾਲ ਉੱਧਲ ਜਾਣ ਵਾਲੀ ਵੀ ਕਹਿ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਘਰ ਬੈਠੀ ਹੋਈ ਲਾੜੇ ਦੀ ਭੈਣ ਨੂੰ ਵੀ ਨਹੀਂ ਬਖਸ਼ਿਆ ਜਾਂਦਾ। ਇਨ੍ਹਾਂ ਸਿਠੱਣੀਆਂ ਵਿਚ ਮਹਿਮਾਨਾ ਲਈ ਵਰਤੇ ਗਏ ਦ੍ਰਿਸ਼ਟਾਂਤਾ ਵਿਚ ਰਿੱਛ, ਚਾਮ-ਚੜਿੱਕ, ਛੱਪੜ ਦਾ ਡੱਡੂ, ਮੁੰਨਾ ਆਦਿ ਆਮ ਵਰਤੇ ਜਾਂਦੇ ਹਨ ਜਿਵੇਂ :

ਲਾੜਾ ਲਾਡਲਾ ਨੀ ਅੱਧੀ ਰਾਤ ਮੰਗੇ ਪਿੱਛ,
ਲਾੜੇ ਦੀ ਬੇਬੇ ਇਉਂ ਬੈਠੀ ਜਿਉਂ ਕੀਲੇ ਬੰਨਿਆ ਰਿੱਛ।

ਕਦੇ-ਕਦੇ ਨਾਟਕੀ ਮਾਹੌਲ ਸਿਰਜਣ ਲਈ ਸਿੱਠਣੀ ਵਿਚ ਪਹਿਲਾਂ ਪ੍ਰਸ਼ਨ ਕੀਤਾ ਜਾਂਦਾ ਹੈ ਤੇ ਫਿਰ ਆਪ ਹੀ ਉਸਦਾ ਉੱਤਰ ਦਿੱਤਾ ਜਾਂਦਾ ਹੈ :-

ਜੀਜਾ ਕੱਲੜਾ ਕਿਉਂ ਆਇਆ ਮਾਂ ਨੂੰ ਕਿਉਂ ਨਾ ਲਿਆਇਆ ?
ਬੀਬਾ ਕਿਤਰਾਂ ਲਿਆਉਂਦਾ, ਉਹਨੂੰ ਜੰਮੀ ਸੀ ਕੁੜੀ।

ਮੁੰਡੇ ਦੀ ਮਾਂ ਨੂੰ ਇਨ੍ਹਾਂ ਵਿਚ ਘਸੀਟਣ ਤੋਂ ਬਾਅਦ ਮੁੰਡੇ ਦੇ ਬਾਪ ਦੀ ਵੀ ਵਾਰੀ ਆਉਂਦੀ ਹੈ। ਸਿੱਠਣੀਆਂ ਵਿਚ ਕੁੜਮ ਨੂੰ ਚੌਮੁਖੀਆ ਦੀਵਾ, ਕਮਾਦ ਦੇ ਬੰਨੇ ਫਿਰਦਾ ਕੁੱਕੜ, ਘੋਟਣਾ,

ਵਹਿੜਕਾ ਆਦਿ ਸ਼ਬਦਾਂ ਰਾਹੀਂ ਨਿਵਾਜਿਆ ਜਾਂਦਾ ਹੈ। ਉਸਦੇ ਕਾਲੇ ਰੰਗ ਰੂਪ, ਉਸਦੀ ਸਰੀਰਕ ਬਣਤਰ ਨੂੰ ਸਿੱਠਣੀਆਂ ਵਿਚ ਵਿਅੰਗ ਦੀ ਚਾਸ਼ਨੀ ਵਿਚ ਡੋਬ ਕੇ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ:-

ਸਭ ਗੈਸ ਬੁਝਾ ਦਿਉ ਜੀ
ਸਾਡਾ ਕੁੜਮ ਬੈਟਰੀ ਵਰਗਾ
ਸਭ ਮਿਰਚਾਂ ਘੋਟੋ ਜੀ
ਸਾਡਾ ਕੁੜਮ ਘੋਟਨੇ ਵਰਗਾ
ਸਭ ਮੱਕੀ ਪਿਹਾ ਲਓ ਜੀ
ਸਾਡਾ ਕੁੜਮ ਵਹਿੜਕੇ ਵਰਗਾ

ਸਿੱਠਣੀਆਂ ਕੇਵਲ ਸਰੀਰਕ ਬਣਤਰ ਜਾਂ ਪਹਿਰਾਵੇ ਤੱਕ ਹੀ ਸੀਮਤ ਨਹੀਂ ਹੁੰਦੀਆਂ ਸਗੋਂ ਇਨ੍ਹਾਂ ਦਾ ਵਿਹੜਾ ਹੋਰ ਵੀ ਮੋਕਲਾ ਹੋ ਜਾਂਦਾ ਹੈ ਜਦੋਂ ਇਨ੍ਹਾਂ ਵਿਚ ਲਾੜੇ ਅਤੇ ਬਰਾਤੀਆਂ ਦੇ ਖਾਣ-ਪੀਣ ਉਪਰ ਵੀ ਚੋਭਾਂ ਲਾਈਆਂ ਜਾਂਦੀਆਂ ਹਨ :-

ਕੋਰੀ ਤੇ ਤੌੜੀ ਅਸਾਂ ਰਿੰਨ੍ਹੀਆਂ ਗੁੱਲੀਆਂ
ਭੁੱਖ ਤੇ ਲੱਗੀ ਲਾੜਾ ਕੱਢੇ ਪਿਆ ਬੁੱਲ੍ਹੀਆਂ
ਰੋਟੀ ਖਵਾਉਣੀ ਪਈ
ਨਿਲੱਜੀਓ ਲੱਜ ਤਹਾਨੂੰ ਨਹੀਂ
..........................
.........................
ਜਾਂਞੀਓ ਮਾਂਞੀਓ ਕਿਹੜੇ ਵੇਲੇ ਹੋਏ ਨੇ
ਖਾ ਖਾ ਕੇ ਰੱਜੇ ਨਾ ਢਿੱਡ ਨੇ ਕੇ ਟੋਏ ਨੇ
ਨਿੱਕੇ-ਨਿੱਕੇ ਮੂੰਹ ਨੇ, ਢਿੱਡ ਨੇ ਕੇ ਖੂਹ ਨੇ
ਖਾ ਰਹੇ ਹੋ ਤਾਂ ਉੱਠੋ ਸਹੀ।

ਪੁਰਾਣੇ ਸਮੇਂ ਵਿਚ ਜਿਸ ਤਰ੍ਹਾਂ ਬਰਾਤਾਂ ਕਈ-ਕਈ ਰਾਤਾਂ ਠਹਿਰਿਆ ਕਰਦੀਆਂ ਸਨ। ਸੋ ਉਨ੍ਹਾਂ ਦੀ ਆਓ ਭਗਤ ਪਿੰਡ ਦੇ ਲੋਕਾਂ ਦੁਆਰਾ ਸਮੂਹਿਕ ਤੌਰ ਤੇ ਕੀਤੀ ਜਾਂਦੀ ਸੀ, ਉਸ ਸਮੇਂ ਇਕ ਰਿਵਾਜ਼ ਬਰਾਤ ਨੂੰ ਬੰਨ੍ਹਣ ਦਾ ਵੀ ਪਾਇਆ ਜਾਂਦਾ ਸੀ। ਬਰਾਤ ਨੂੰ ਬੰਨ੍ਹਣ ਤੋਂ ਮਤਲਬ ਕਿ ਔਰਤਾਂ ਵੱਲੋਂ ਇਸ ਤਰਾਂ ਦੀ ਕੋਈ ਅੜਾਉਣੀ ਜਾਂ ਘੁੰਡੀ ਪਾਈ ਜਾਂਦੀ ਸੀ ਜਿਸਨੂੰ ਕੋਈ ਬਰਾਤੀ ਜਿੰਨਾਂ ਚਿਰ ਹੱਲ ਨਹੀਂ ਸੀ ਕਰ ਲੈਂਦਾ ਉਨ੍ਹਾਂ ਸਮਾਂ ਬਰਾਤ ਨੂੰ ਖਾਣ ਲਈ ਕੁਝ ਨਹੀਂ ਸੀ ਪਰੋਸਿਆ ਜਾਂਦਾ। ਫਿਰ ਅਜਿਹੇ ਮੌਕੇ ਉਪਰ ਪਰਾਣੇ ਬਜ਼ੁਰਗ ਦੀ, ਕਿਸੇ ਹੰਡੇ ਹੋਏ ਤਜ਼ਰਬੇਕਾਰ ਵਿਅਕਤੀ ਦੀ ਜ਼ਰੂਰਤ ਪੈਂਦੀ ਸੀ ਜੋ ਉਸ ਅੜਾਉਣੀ, ਮਸਲੇ ਨੂੰ ਹੱਲ ਕਰ ਸਕਦਾ ਹੋਵੇ। ਅਗਰ ਕੋਈ ਵਿਅਕਤੀ/ਬਰਾਤੀ ਔਰਤਾਂ ਵੱਲੋਂ ਪਾਈ ਅੜਾਉਣੀ ਨੂੰ ਹੱਲ ਨਹੀਂ ਕਰ ਸਕਦਾ ਸੀ ਤਾਂ ਔਰਤਾਂ ਸਿੱਠਣੀਆਂ ਰਾਹੀਂ ਹੀ ਉਨ੍ਹਾਂ ਦੀ ਬੇਇਜ਼ਤੀ ਕਰਦੀਆਂ ਸਨ ਜਿਵੇਂ :-

ਜਾਂਵੀ ਭੱਜ ਚੱਲੇ ਕਿ ਭੈਣ ਛੱਡ ਚੱਲੇ
ਭੈਣਾ ਕੀਹਨੂੰ ਦੇਈਏ
ਦੇਈਏ ਤਾਂ ਦੇਈਏ ਇਨ੍ਹਾਂ ਜਾਂਵੀਆਂ ਦੀਆਂ ਭੈਣਾਂ
ਆਪਣੇ ਵੀਰਾਂ ਨੂੰ ਦੇਈਏ

ਲਾੜੇ ਨੂੰ ਪਲੰਘ ਉਪਰ ਬਿਠਾ ਕੇ ਸਲਾਮੀਆਂ ਦੇਣ ਸਮੇਂ ਜਿਹੜੀਆਂ ਸਿੱਠਣੀਆਂ ਗਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ 'ਕਾਮਨ' ਵੀ ਕਿਹਾ ਜਾਂਦਾ ਹੈ, ਇਨ੍ਹਾਂ ਰਾਹੀਂ ਵੀ ਘਰ ਆਏ ਲਾੜੇ ਨੂੰ ਗੀਤਾਂ ਦੇ ਰੂਪ ਵਿਚ ਹਾਸਾ ਮਖੌਲ ਹੀ ਕੀਤਾ ਜਾਂਦਾ ਹੈ।ਉਦਾਹਰਨ ਵਜੋਂ

ਕਾਮਨ ਪਾਨੀਆਂ ਊੜੀਏ ਤੇ ਘੂੜੇ
ਸਾਲੀਆਂ ਮੰਗਦੀਆਂ ਰਾਂਗਲੇ ਚੂੜੇ
ਤੇਰੀ ਮਾਂ ਉਧਲ ਗਈਆ
ਤੇਰੀ ਭੈਣ ਏ ਕੰਵਾਰੀ
ਉਹੋ ਮੰਗਣ ਹਾਰੀ
ਉਹਨੂੰ ਵਰ ਨਹੀਂ ਜੁੜਦਾ
ਉਹ ਰਹੀ ਆ ਕੰਵਾਰੀ
ਮੈਂ ਤੇਰੇ ਕਾਮਨ ਪਾਨੀਆਂ
ਰਾਣੀ ਬੇਗ਼ਮ ਜਾਇਆ
ਮੈਂ ਤੇਰੇ ਸ਼ਗਨ ਮਨਾਨੀਆਂ

ਸਿੱਠਣੀਆਂ ਵਿਚ ਜਿਥੇ ਲਾੜੇ ਦੀਆਂ ਭੈਣਾਂ, ਮਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਬਦ ਤੇ ਬਦ ਇਖ਼ਲਾਕ ਦੱਸਿਆ ਜਾਂਦਾ ਹੈ ਤੇ ਲਾੜੇ ਦੇ ਬਾਪ ਨੂੰ ਵਹਿੜਕਾ, ਘੋਟਨਾ ਆਦਿ ਕਹਿਣ ਦਾ ਮਨੋਰਥ ਕਿਸੇ ਤਰ੍ਹਾਂ ਵੀ ਨਵੇਂ ਜੁੜੇ ਕੁੜਮਾਂ ਜਾਂ ਰਿਸ਼ਤੇਦਾਰਾਂ ਦਾ ਨਿਰਾਦਰ ਕਰਨਾ ਜਾਂ ਦਿਲ ਦੁਖਾਉਣਾ ਨਹੀਂ ਹੁੰਦਾ ਸਗੋਂ ਖੁੱਲ੍ਹ ਦਿਲੀ ਵਿਖਾ ਕੇ ਪਰਸਪਰ ਨੇੜਤਾ ਪੈਦਾ ਕਰਨਾ ਹੀ ਹੈ। ਡਾ. ਕਰਨੈਲ ਸਿੰਘ ਥਿੰਦ ਅਨੁਸਾਰ:

"ਅਸਲ ਵਿਚ ਸਿੱਠਣੀਆਂ ਦਿੱਤੇ ਜਾਣ ਦਾ ਮਨੋਰਥ ਕਿਸੇ ਤਰ੍ਹਾਂ ਵੀ ਆਪਣੇ ਸਨੇਹੀਆਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਨਿਰਾਦਰ ਕਰਨਾ ਜਾਂ ਦਿਲ ਦੁਖਾਉਣਾ ਨਹੀਂ ਹੈ, ਸਗੋਂ ਖੁੱਲ੍ਹਦਿਲੀ ਵਿਖਾਕੇ ਪਰਸਪਰ ਨੇੜਤਾ ਪੈਦਾ ਕਰਨਾ ਹੈ।" 5

ਇਕ ਗੱਲ ਜ਼ਰੂਰ ਹੈ ਕਿ ਸਿੱਠਣੀਆਂ ਦੇ ਪਾਤਰ ਤਾਂ ਲੜਕੀ ਦੇ ਘਰ ਵਾਲਿਆਂ ਨੂੰ ਵੀ ਬਣਾਇਆ ਜਾਂਦਾ ਹੈ, ਫ਼ਰਕ ਬਸ ਇਤਨਾ ਹੈ ਕਿ ਇਨ੍ਹਾਂ ਵਿਚ ਲੜਕੀ ਦੇ ਬਾਪ, ਭੈਣ, ਭਰਾ ਆਦਿ ਨੂੰ ਅੰਲਕਾਰਕ ਸ਼ਬਦਾਵਲੀ ਰਾਹੀਂ ਵਡਿਆਇਆ ਜਾਂਦਾ ਹੈ ਜਿਵੇ ਲੜਕੀ ਦੇ ਬਾਪ ਨੂੰ ਵਜ਼ੀਰ ਅਤੇ ਲੜਕੀ ਨੂੰ ਲਾਡੋ-ਰਾਣੀ ਆਦਿ ਸ਼ਬਦਾਂ ਨਾਲ ਸੰਬੋਧਤ ਕੀਤਾ ਜਾਂਦਾ ਹੈ :-

ਬੀਬੀ ਲਾਡਲੀ ਨੀ ਰੋਟੀ ਪਿੱਛੋਂ ਮੰਗੇ ਖੀਰ
ਬੀਬੀ ਦਾ ਬਾਪੂ ਇਉਂ ਬੈਠਾ ਜਿਉਂ ਰਾਜਿਆਂ ਵਿਚ ਵਜ਼ੀਰ
...........................................
...........................................
ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਏ
ਮੁੰਡਾ ਤਾਂ ਦਿੱਸਦਾ ਕੋਈ ਘੁਮਿਆਰ ਏ
ਜੋੜੀ ਤਾਂ ਫ਼ੱਬਦੀ ਨਹੀਂ
ਨਿਲੱਜਿਓ ! ਲੱਜ ਤੁਹਾਨੂੰ ਨਹੀਂ

ਜਦੋਂ ਡੋਲੀ ਘਰ ਪੁੱਜਦੀ ਹੈ ਤਾਂ ਉਸ ਵੇਲੇ ਵੀ ਨਾਨਕੇ ਮੇਲ ਦੁਆਰਾ ਮੁੰਡੇ ਦੇ ਪਿਓ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਨਾਨਕੀ ਛੱਕ ਵਿਖਾਉਣ ਵੇਲੇ ਵੀ ਸਿੱਠਣੀਆਂ ਦੀ ਭੂਰ ਪੈਂਦੀ ਹੈ। ਇਸ ਤੋਂ ਇਲਾਵਾ ਮੁੰਡੇ ਦੇ ਧਮਾਨ/ਨਿਸ਼ੋਆ,

ਲੋਹੜੀ, ਕੁੜਮਾਈ, ਕੋਈ ਹੋਰ ਵਿਸ਼ੇਸ਼ ਸਮਾਗਮ ਜਿਥੇ ਨਾਨਕੇ ਤੇ ਦਾਦਕੇ ਇੱਕਠੇ ਹੁੰਦੇ ਹੋਣ ਜਾਂ ਕਿਧਰੇ ਪ੍ਰੋਹੜ ਅਵਸਥਾ ਨੂੰ ਪੁੱਜ ਚੁੱਕਾ ਬਜ਼ੁਰਗ ਚਲਾਣਾ ਕਰ ਜਾਵੇ ਤਾਂ ਕੱਠ/ਦੇ ਮੌਕੇ ਵੀ ਕਈ ਇਲਾਕਿਆਂ ਵਿਚ ਸਿੱਠਣੀਆਂ ਦੇਣ ਦਾ ਰਿਵਾਜ਼ ਪਾਇਆ ਜਾਂਦਾ ਹੈ।

ਸੋ ਸਿੱਠਣੀਆਂ ਸਾਡੀ ਰਿਸ਼ਤਾ-ਨਾਤਾ ਪ੍ਰਣਾਲੀ ਤੇ ਰਹਿਤਲ ਦਾ ਉਸਾਰੂ ਪੱਖ ਹਨ, ਜੋ ਸਾਡੇ ਰਾਂਗਲੇ ਸੱਭਿਆਚਾਰ ਦੀ ਹੀ ਤਸਵੀਰ ਘੜਦੀਆਂ ਨਜ਼ਰ ਆਉਂਦੀਆਂ ਹਨ। ਭਾਵੇਂ ਕੁਝ ਵਿਚਾਰਵਾਨ ਇਨ੍ਹਾਂ ਨੂੰ ਇਕ ਪ੍ਰਕਾਰ ਦੇ ਫੁਹੜ, ਅਸ਼ਲੀਲ ਜਾਂ ਨੀਵੀਂ ਪੱਧਰ ਦੇ ਗੀਤ ਹੀ ਮੰਨਦੇ ਹਨ ਕਿਉਂਕਿ ਇਨ੍ਹਾਂ ਨੂੰ ਉਚਾਰਨ ਵੇਲੇ ਉਹ ਸਮਝਦੇ ਹਨ ਕਿ ਤਹਿਜ਼ੀਬ ਦਾ ਪੱਲਾ ਹੱਥੋਂ ਖਿਸਕ ਜਾਂਦਾ ਹੈ। ਡਾ. ਕਰਨੈਲ ਸਿੰਘ ਥਿੰਦ ਅਨੁਸਾਰ:-

ਪ੍ਰੰਤੂ ਫਿਰ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਹ ਪੰਜਾਬੀਆਂ ਦੇ ਖੁੱਲ੍ਹੇ-ਡੁੱਲੇ ਤੇ ਹਾਸ-ਰਸ ਨਾਲ ਭਰਪੂਰ ਸੁਭਾਅ ਦੀ ਨਿੱਘਰ ਪੇਸ਼ਕਾਰੀ ਕਰਦੀਆਂ ਹਨ। ਭਾਵੇਂ ਅੱਜ ਸਮੀਕਰਣ ਅਤੇ ਪਰਸਥਿਤੀਆਂ ਦੇ ਬਦਲਣ ਨਾਲ ਅਤੇ ਲੋਕ ਸੁਭਾਅ ਵਿਚ ਆ ਰਹੀ ਤਬਦੀਲੀ ਕਾਰਨ ਇਨ੍ਹਾਂ ਦਾ ਰੰਗ ਕੁਝ ਫ਼ਿੱਕਾ ਪੈਂਦਾ ਨਜ਼ਰ ਆਉਂਦਾ ਹੈ, ਪਰ ਫਿਰ ਵੀ ਲੋੜ ਹੈ ਇਸ ਰਾਂਗਲੇ ਸੱਭਿਆਚਾਰ ਦੀ ਨੁਹਾਰ ਸਿਰਜਦੀਆਂ ਸਿੱਠਣੀਆਂ ਨੂੰ ਸਾਂਭਣ ਦੀ, ਤਾਂ ਜੋ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਇਨ੍ਹਾਂ ਤੋਂ ਜਾਣੂ ਕਰਵਾਕੇ ਆਪਣੇ ਅਮੀਰ ਸੱਭਿਆਚਾਰ ਦੀ ਦੁਹਾਈ ਦੇ ਸਕੀਏ।

ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਪੰਨਾ 195
2. ਡਾ. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਪੰਨਾ 20
3. ਡਾ. ਜਸਵਿੰਦਰ ਸਿੰਘ, ਲਾਜ਼ਮੀ ਪੰਜਾਬੀ (ਗਿਆਰਵੀਂ ਸ਼੍ਰੇਣੀ ਲਈ) ਪੰਨਾ 25
4. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਪੰਨਾ 229
5. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਪੰਨਾ 150